The Scottish Parliament
Pàrlamaid na h-Alba

## ਸਕਾਟਿਸ਼ ਪਾਰਲੀਆਮੈਂਟ ਨੂੰ ਦਰਖ਼ਾਸਤ ਦੇਣੀ (ਪੈਟੀਸ਼ਨ): ਆਪਣੀ ਆਵਾਜ਼ ਦੀ ਸੁਣਵਾਈ ਕਰਵਾਉਣੀ
## Petitioning the Scottish Parliament: Making your voice heard

ਜਨਤਾ ਦੀ ਦਰਖ਼ਾਸਤਾਂ ਬਾਰੇ ਸਕਾਟਿਸ਼ ਪਾਰਲੀਆਮੈਂਟ ਦੀ ਕਾਰਵਾਈ ਅਤੇ ਤੁਸੀਂ ਕਿਵੇਂ ਆਪਣੀ ਆਵਾਜ਼ ਦੀ ਸੁਣਵਾਈ ਕਰਵਾ ਸਕਦੇ ਹੋ ਇਸ ਬਾਰੇ ਇਸ ਛੋਟੇ ਜਿਹੇ (ਪੋਡਕਾਸਟ) ਲਈ ਤੁਹਾਡਾ ਸੁਆਗਤ ਹੈ।

### ਦਰਖ਼ਾਸਤ (ਪੈਟੀਸ਼ਨ) ਕੀ ਹੈ? What is a petition?

ਆਪਣੀ ਪਾਰਲੀਆਮੈਂਟ ਵਿਚ ਕੋਈ ਮੁੱਦਾ ਚੁਕਣ ਲਈ ਇਹ ਤੁਹਾਡੇ ਲਈ ਇਕ ਤਰੀਕਾ ਹੈ। ਇਹ ਇਕ ਲਿਖਤੀ ਦਸਤਾਵੇਜ ਹੈ ਜਿਸ ਤੋਂ ਤੁਸੀਂ ਕੀ ਅਤੇ ਕਿਉਂ ਚਾਹੁੰਦੇ ਹੋ?

### ਕੀ ਕੋਈ ਵੀ ਦਰਖ਼ਾਸਤ (ਪੈਟੀਸ਼ਨ) ਕਰ ਸਕਦਾ ਹੈ? Can anyone petition?

**ਹਾਂ।**

- ਇਕ ਪੈਟੀਸ਼ਨ ਦਾ ਦਾਅਵਾ ਦਾਇਰ ਕਰਨ ਲਈ ਤੁਹਾਨੂੰ ਸਿਰਫ ਇਕ ਹਸਤਾਖ਼ਰ ਦੀ ਲੋੜ ਹੈ
- ਦਰਖ਼ਾਸਤ ਕਰਨ ਵਾਲਿਆਂ ਲਈ ਉਮਰ ਦੀ ਕੋਈ ਪਾਬੰਦੀ ਨਹੀਂ ਹੈ
- ਦਰਖ਼ਾਸਤ ਕਿਸੇ ਵੀ ਬੋਲੀ ਅਤੇ ਰੂਪਰੇਖਾ ਵਿਚ ਕੀਤੀ ਜਾ ਸਕਦੀ ਹੈ। ਸਕਾਟਿਸ਼ ਪਾਰਲੀਆਮੈਂਟ ਕਿਸੇ ਅਨੁਵਾਦ ਕਰਨ ਵਾਲੇ ਜਾਂ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦੀ ਹੈ।

### ਮੈਂ ਸਕਾਟਿਸ਼ ਪਾਰਲੀਆਮੈਂਟ ਨੂੰ ਕਿਸ ਬਾਰੇ ਦਰਖ਼ਾਸਤ ਦੇ ਸਕਦਾ/ਸਕਦੀ ਹਾਂ?
### What can I petition the Scottish Parliament about?

ਦਰਖ਼ਾਸਤ ਦਾ ਮੁੱਦਾ ਸਕਾਟਿਸ਼ ਪਾਰਲੀਆਮੈਂਟ ਦੇ ਕਰਤਵਾਂ ਨਾਲ ਸਬੰਧਤ ਹੋਣਾ ਚਾਹੀਦਾ ਹੈ। ਇਹ ਸਪੁਰਦਗੀ ਮੁੱਦੇ (ਡਿਵੋਲਵਡ ਇਸ਼ੂਜ਼) ਕਹਿਲਾਉਂਦੇ ਹਨ ਅਤੇ ਇਨ੍ਹਾਂ ਵਿਚ ਸੰਮਿਲਤ ਹਨ–

- ❖ ਸਿੱਖਿਆ ਅਤੇ ਜੀਵਨਭਰ ਦੀ ਸਿੱਖਿਆ (ਐਜੁਕੇਸ਼ਨ ਅਤੇ ਲਾਈਫ਼ਲੋਂਗ ਲਰਨਿੰਗ) Education and lifelong learning
- ❖ ਵਾਤਾਵਰਣ (ਇਨਵਾਇਅਰਮੈਂਟ) Environment
- ❖ ਉਦਯੋਗ (ਐਨਟਰਪਰਾਈਜ਼) Enterprise
- ❖ ਸੁਆਸਥ (ਹੈਲਥ) Health
- ❖ ਰਿਹਾਇਸ਼ (ਹਾਉਸਿੰਗ) Housing
- ❖ ਨਿਆਂ (ਜਅੱਸਟਿਸ) Justice
- ❖ ਸਥਾਨਕ ਸਰਕਾਰ (ਲੋਕਲ ਗਵਰਨਮੈਂਟ) Local government
- ❖ ਯੋਜਣਾ (ਪਲੈਨਿੰਗ) Planning
- ❖ ਪੁਲੀਸ ਅਤੇ ਫਾਇਅਰ ਸਰਵਿਸਿਜ਼ Police and Fire Services
- ❖ ਆਵਾਜਾਈ (ਟ੍ਰਾਂਸਪੋਰਟ) Transport

ਇਸ ਬਾਰੇ ਤੁਹਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਜੋ ਮੁੱਦਾ ਤੁਸੀਂ ਚੁਕਣਾ ਚਾਹੁੰਦੇ ਹੋ ਉਹ ਇਸ ਤਰ੍ਹਾਂ ਦਾ ਹੈ ਜਿਸ ਬਾਰੇ ਪਾਰਲੀਆਮੈਂਟ ਕੁਝ ਕਰ ਸਕਦੀ ਹੈ। ਦਰਖ਼ਾਸਤਾਂ ਰਾਸ਼ਟਰੀ ਸਤੱਰ ਦੇ ਅਨੁਸਾਰ ਹੋਣੀਆਂ ਚਾਹੀਦੀ ਹਨ ਨਾ ਕਿ ਵਿਅਕਤੀਗਤ ਜਾਂ ਸਥਾਨਕ ਸਤੱਰ ਤੇ। ਜੇਕਰ ਮੁੱਦਾ ਜ਼ਿਆਦਾਤਰ ਸਥਾਨਕ ਹੈ, ਜਿਵੇਂ ਕਿ ਇਕ ਲੋਕਲ ਸਕੂਲ ਬੰਦ ਹੋਣ ਦਾ, ਤਾਂ ਇਹ ਸਥਾਨਕ ਸਤੱਰ ਤੇ, ਸ਼ਾਇਦ ਤੁਹਾਡੀ ਸਥਾਨਕ ਕੌਂਸਲ ਕੋਲ ਦਰਖ਼ਾਸਤ ਕਰਨ ਵਾਲਾ ਹੋ ਸਕਦਾ ਹੈ।

## ਕੀ ਇਹ ਸਿੱਧੀ ਸਾਦੀ ਕਾਰਵਾਈ ਹੈ? **Is the process simple?**

ਇਸਨੂੰ ਇਕ ਸਿੱਧੀ ਸਾਦੀ ਰੂਪ ਰੇਖਾ ਵਿਚ ਨਿਰਮਾਣ ਕੀਤਾ ਗਿਆ ਹੈ। ਪਾਰਲੀਆਮੈਂਟ ਵਿਚ ਸਟਾਫ਼ ਹੈ ਜਿਸਦਾ ਕੰਮ ਦਰਖ਼ਾਸਤ ਕਰਨ ਵਾਲਿਆਂ ਦੀ ਮਦਦ ਕਰਨਾ, ਕਾਰਵਾਈ ਬਾਰੇ ਸਲਾਹ ਦੇਣਾ ਅਤੇ ਦਰਖ਼ਾਸਤ ਕਿਵੇਂ ਲਿਖਣੀ ਚਾਹੀਦੀ ਹੈ ਵਿਚ ਮਦਦ ਕਰਨਾ ਹੈ। ਦਰਖ਼ਾਸਤ ਕਰਨ ਲਈ ਇਕ ਆਸਾਨ–ਤਰੀਕੇ–ਨਾਲ ਭਰਣ ਵਾਲੀ ਟੈਮਪਲੇਟ (ਫ਼ਰਮਾ) ਉਪਲਬਧ ਹੈ।

## ਮੈਂ ਆਪਣੀ ਦਰਖ਼ਾਸਤ ਭੇਜ ਦਿੰਦਾ/ਦਿੰਦੀ ਹਾਂ, ਉਸ ਤੋਂ ਬਾਅਦ ਕੀ ਹੁੰਦਾ ਹੈ?

**I send in my petition, what next?**

ਪਬਲਿਕ ਪੈਟੀਸ਼ਨਜ਼ ਕਮੇਟੀ ਵਿਚ 9 ਐਮ.ਐਸ.ਪੀਜ਼ ਯਾਨੀ ਸਕਾਟਿਸ਼ ਪਾਰਲ਼ੀਆਮੈਂਟ ਮੈਂਬਰ ਹੁੰਦੇ ਹਨ ਅਤੇ ਹਰ ਦਰਖ਼ਾਸਤ ਤੇ ਗੌਰ ਕਰਨਾ ਉਨ੍ਹਾਂ ਦੀ ਜ਼ੁੰਮੇਵਾਰੀ ਹੈ। ਇਸਲਈ ਜੇਕਰ ਤੁਹਾਡੀ ਦਰਖ਼ਾਸਤ ਦਾਖ਼ਲੇ ਯੋਗ ਹੈ ਤਾਂ ਇਹ ਕਮੇਟੀ ਇਸਤੇ ਗੌਰ ਕਰੇਗੀ। ਅਤੇ ਨਾਲੇ, ਕਮੇਟੀ ਕੁਝ ਦਰਖ਼ਾਸਤ ਕਰਨ ਵਾਲਿਆਂ ਨੂੰ ਆਪਣੀਆਂ ਦਰਖ਼ਾਸਤਾਂ ਬਾਰੇ ਐਮ.ਐਸ.ਪੀਜ਼ ਨਾਲ ਗਲੱਬਾਤ ਕਰਨ ਲਈ ਵੀ ਸਦਾ ਭੇਜਿਆ ਜਾਵੇਗਾ। ਮੀਟਿੰਗਾਂ ਵਿਚ ਭਾਗ ਲੈਣ ਲਈ ਅਤੇ ਕੀ ਹੋ ਰਿਹਾ ਬਾਰੇ ਹੋਰ ਬਿਉਰਾ ਦੇਣ ਲਈ ਦੁਭਾਸ਼ੀਏ (ਇੰਟਰਪ੍ਰੇਟਰ) ਦਾ ਬੰਦੋਬਸਤ ਕੀਤਾ ਜਾ ਸਕਦਾ ਹੈ।

ਇਕ ਵਾਰ ਜਦੋਂ ਕਮੇਟੀ ਦਰਖ਼ਾਸਤ ਵੇਖ ਲੈਂਦੀ ਹੈ ਉਸਦੇ ਬਾਅਦ ਉਹ ਹੁਣ ਅਗਲੀ ਕਾਰਵਾਈ ਕਰਨ ਬਾਰੇ ਫੈਸਲਾ ਕਰਦੀ ਹੈ। ਅਕਸਰ ਉਹ (ਦਰਖ਼ਾਸਤ ਦੇ ਮੁੱਦੇ ਦੇ ਮੁਤਾਬਕ) ਸਕਾਟਿਸ਼ ਗਵਰਨਮੈਂਟ ਅਤੇ ਹੋਰ ਸੰਸਥਾਵਾਂ ਜਿਵੇਂ ਕਿ ਸਥਾਨਕ ਕੌਂਸਲਾਂ, ਹੈਲਥ ਬੋਰਡਾਂ, ਪੁਲੀਸ ਫੋਰਸਾਂ ਆਦ ਨੂੰ ਲਿਖੇਗੀ। ਉਹ ਸਭ ਤੋਂ ਉਪਯੁਕਤ ਸੰਸਥਾਵਾਂ ਦੀ ਸ਼ਨਾਖ਼ਤ ਕਰੇਗੀ ਅਤੇ ਉਨ੍ਹਾਂ ਨੂੰ ਕਈ ਸੁਆਲ ਲਿਖ ਕੇ ਭੇਜੇਗੀ, ਜਿਨ੍ਹਾਂ ਵਿਚ ਤੁਹਾਡੀ ਦਰਖ਼ਾਸਤ ਬਾਰੇ ਜੋ ਤੁਸੀਂ ਪੁੱਛਣਾ ਚਾਹੋਗੇ ਉਨ੍ਹਾਂ ਵਿਚੋਂ ਕੁਝ ਵੀ ਸੰਮਲਤ ਹੋਣਗੇ। ਜਦੋਂ ਇਸਦਾ ਜੁਆਬ ਆਉਂਦਾ ਹੈ ਉਸ ਦੇ ਬਾਅਦ ਤੁਹਾਡੇ ਕੋਲ ਤੁਹਾਡੇ ਵਿਚਾਰ ਜਾਣਨ ਲਈ ਭੇਜਿਆ ਜਾਂਦਾ ਹੈ। ਇਸਦਾ ਅਰਥ ਹੈ ਕਿ ਤੁਹਾਨੂੰ ਆਪਣੇ ਵਿਚਾਰ ਦੇਣ ਦਾ ਮੌਕਾ ਮਿਲੇਗਾ। ਇਸ ਤੋਂ ਬਾਅਦ ਦਰਖ਼ਾਸਤ ਅਤੇ ਉਸ ਬਾਰੇ ਮਿਲੇ ਹੋਏ ਸਾਰੇ ਲਿਖਤੀ ਜੁਆਬ ਕਮੇਟੀ ਦੇ ਸਾਮਣ੍ਹੇ ਦੁਬਾਰਾ ਜਾਂਦੇ ਹਨ। ਜਦੋਂ ਤਕ ਉਸ ਬਾਰੇ ਕੀਤਾ ਨਹੀਂ ਜਾਂਦਾ ਕਰ ਲਿਆ ਗਿਆ ਹੈ ਉਦੋਂ ਤਕ ਕਮੇਟੀ ਦਰਖ਼ਾਸਤ ਤੇ ਗੌਰ ਕਰਦੀ ਰਹਿੰਦੀ ਹੈ।

## ਕੀ ਦਰਖ਼ਾਸਤ ਕਿਸੇ ਨਤੀਜ਼ੇ ਤਕ ਪਹੁੰਚਦੀ ਹੈ? **But does petitioning lead to anything?**

ਹਾਂ ਪਹੁੰਚਦੀ ਹੈ। ਕਈ ਦਰਖ਼ਾਸਤਾਂ ਕਰਕੇ ਲਾਅ (ਕਾਨੂੰਨ), ਗਵਰਨਮੈਂਟ ਪਾਲਿਸੀ (ਸਰਕਾਰੀ ਨੀਤੀ), ਕਿਸੀ ਮੁੱਦੇ ਦੇ ਮਾਰਗਦਰਸ਼ਨਾਂ ਵਿਚ ਸੰਸ਼ੋਧਨ, ਫੈਸਲੇ ਵਿਚ ਤਬਦੀਲੀ ਹੋਈ ਹੈ। ਕਿਸੇ ਮੁੱਦੇ ਬਾਰੇ ਪਾਰਲੀਆਮੈਂਟ ਵਿਚ ਸਚੇਤਨਤਾ ਵੀ ਇਕ ਸਫਲਤਾ ਹੋ ਸਕਦੀ ਹੈ।

## ਮੈਂ ਹੋਰ ਜਾਣਕਾਰੀ ਕਿਥੋਂ ਲੈ ਸਕਦਾ/ਸਕਦੀ ਹਾਂ? **Where do I find out more?**

ਸਭ ਤੋਂ ਪਹਿਲਾਂ ਕਿਉਂ ਨਾਂ ਤੁਸੀਂ ਸਾਡਾ ਵੈਬਪੇਜ਼ ਵੇਖੋ? ਇਸ ਦੇ ਵਿਚ ਦਰਖ਼ਾਸਤ ਬਾਰੇ ਅਤਿਰਿਕਤ ਜਾਣਕਾਰੀ ਉਪਲਬਧ ਹੈ, ਜਿਸ ਵਿਚ ਇਕ ਲੀਫਲੈਟ ਵੀ ਸ਼ਾਮਲ ਹੈ, ਅਤੇ ਤੁਸੀਂ ਪੈਟੀਸ਼ਨ ਟੈਮਪਲੇਟ ਵੀ ਲੈ ਸਕਦੇ ਹੋ। ਦੋਨੋ ਦਸਤਾਵੇਜ਼ (ਪੰਜਾਬੀ) ਵਿਚ ਉਪਲਬਧ ਹਨ। ਇਸ ਵੈਬਪੇਜ਼ ਦਾ ਪਤਾ ਹੈ –

www.scottish.parliament.uk/s3/committees/petitions/furtherInfo.htm

ਇਸ ਤੋਂ ਇਲਾਵਾ, ਤੁਸੀਂ ਪਬਲਿਕ ਪੈਟੀਸ਼ਨਜ਼ ਕਮੇਟੀ ਨੂੰ (Public Petitions Committee) ਆਪਣੀ ਬੋਲੀ ਵਿਚ ਲਿਖ ਸਕਦੇ ਹੋ ਜਾਂ ਏਮੇਲ ਕਰ ਸਕਦੇ ਹੋ।

ਉਨ੍ਹਾਂ ਦਾ ਪਤਾ ਹੈ

| | |
|---|---|
| ਦੀ ਪਬਲਿਕ ਪੈਟੀਸ਼ਨਜ਼ ਕਮੇਟੀ<br>ਦੀ ਸਕਾਟਿਸ਼ ਪਾਰਲੀਆਮੈਂਟ<br>ਐਡਿਨਬਰ੍ਹਾ, ਈ ਐਚ 99 1 ਐਸ.ਪੀ | The Public Petitions Committee<br>The Scottish Parliament<br>Edinburgh, EH99 1SP |

ਅਤੇ ਈਮੇਲ ਐਡ੍ਰੈਸ (ਪਤਾ) ਹੈ petitions@scottish.parliament

ਤੁਸੀਂ ਪਬਲਿਕ ਪੈਟੀਸ਼ਨਜ਼ ਕਲਰਕਾਂ ਨੂੰ 0131 348 5982 ਤੇ ਵੀ ਫੋਨ ਕਰ ਸਕਦੇ ਹੋ। ਪਰ ਕਲਰਕ ਸਿਰਫ ਅੰਗਰੇਜ਼ੀ ਵਿਚ ਹੀ ਗੱਲ ਕਰ ਸਕਦੇ ਹਨ। ਜੇਕਰ ਤੁਸੀਂ ਕਲੱਰਕ ਨਾਲ ਕਿਸੀ ਹੋਰ ਬੋਲੀ ਵਿਚ ਗੱਲ ਕਰਨਾ ਚਾਹੁੰਦੇ ਹੋ, ਤਾਂ ਮੇਹਰਬਾਨੀ ਕਰਕੇ ਉਨ੍ਹਾਂ ਨੂੰ ਲਿਖਕੇ ਇਕ ਇੰਟਰਪ੍ਰੇਟਰ (ਦੁਭਾਸ਼ੀਏ) ਲਈ ਬੇਨਤੀ ਕਰੋ।

The Scottish Parliament
Pàrlamaid na h-Alba

ਦੀ ਸਕਾਟਿਸ਼ ਪਾਰਲੀਆਮੈਂਟ

| | |
|---|---|
| **(For official use only)**<br>**PUBLIC PETITION NO.** | **PE** |

## ਮੇਹਰਬਾਨੀ ਕਰਕੇ ਇਸ ਫਾਰਮ ਦੇ ਆਖੀਰ ਵਿਚ ਦਿਤੇ ਮਾਰਗਦਰਸ਼ਨ (ਗਾਈਡੈਂਸ) ਨੋਟਸ ਵੇਖੋ

| 1. ਦਰਖ਼ਾਸਤ (ਪੈਟੀਸ਼ਨ) ਦੇਣ ਵਾਲੇ ਦਾ ਨਾਂ |
|---|
| |
| 2. ਦਰਖ਼ਾਸਤ (ਪੈਟੀਸ਼ਨ) ਦਾ ਸ਼ੀਰਸ਼ਕ |
| |
| 3. ਦਰਖ਼ਾਸਤ (ਪੈਟੀਸ਼ਨ) ਦਾ ਵਿਸ਼ਾ |
| ਹੇਠਾਂ ਦਿਤੇ ਵਿਸ਼ੇ ਲਈ ਸਕਾਟਿਸ਼ ਗਵਰਨਮੈਂਟ ਨੂੰ ਬੇਨਤੀ ਕਰਨ ਵਾਸਤੇ ਸਕਾਟਿਸ਼ ਪਾਰਲੀਆਮੈਂਟ ਨੂੰ ਦਰਖ਼ਾਸਤ ਹੈ |
| 4. ਦਰਖ਼ਾਸਤ (ਪੈਟੀਸ਼ਨ) ਦਾਇਰ ਕਰਨ ਤੋਂ ਪਹਿਲਾਂ ਸਰੋਕਾਰ ਮੁੱਦੇ ਨੂੰ ਨੱਜਿਠਣ ਲਈ ਕੀਤੀ ਗਈ ਕਾਰਵਾਈ |
| |
| 5. ਦਰਖ਼ਾਸਤ (ਪੈਟੀਸ਼ਨ) ਦੀ ਪਿਛੋਕੜ ਜਾਣਕਾਰੀ |
| |
| 6. ਕੀ ਤੁਸੀਂ ਆਪਣੀ ਦਰਖ਼ਾਸਤ (ਪੈਟੀਸ਼ਨ) ਪਾਰਲੀਆਮੈਂਟ ਦੀ ਵੈਬ ਸਾਈਟ ਤੇ ਇਕ ਈ–ਪੈਟੀਸ਼ਨ ਦੇ ਤੋਰ ਤੇ ਰੱਖੀ ਜਾਣਾ ਚਾਹੁੰਦੇ ਹੋ |
| **ਹਾਂ / ਨਾਂ** (ਢੁਕਵਾਂ ਕੱਟ ਦਿਓ)।<br>ਜੇਕਰ ਤੁਹਾਡਾ ਜੁਆਬ "ਨਾਂ" ਹੈ ਮੇਹਰਬਾਨੀ ਕਰਕੇ ਸੈਕਸ਼ਨ 9 ਤੇ ਜਾਓ |

| |
|---|
| 7. ਈ ਪੈਟੀਸ਼ਨ (ਈ–ਦਰਖ਼ਾਸਤ) ਦੀ ਆਖਰੀ ਤਾਰੀਖ |
| |
| 8. ਔਨਲਾਈਨ ਵਿਚਾਰ ਵਿਮਰਸ਼ ਉਤੇਜਨਾ ਲਈ ਟਿਪਣੀਆਂ |
| |

| 9. ਪ੍ਰਬੰਧਕੀ ਜਾਣਕਾਰੀ (ਪ੍ਰਕਾਸ਼ਤ ਹੋਣ ਲਈ ਨਹੀਂ) | |
|---|---|
| **ਨਾਂਉ** | |
| **ਪਤਾ** | |
| **ਟੈਲੀਫੋਨ ਨੰਬਰ** | **ਘਰ ਦਾ:**<br>**ਮੋਬਾਈਲ:** |
| **ਈਮੇਲ ਦਾ ਪਤਾ** | |
| **ਦਰਖ਼ਾਸਤ ਉਤੇ ਹਸਤਾਖਰਾਂ ਦੀ ਗਿਣਤੀ** | |
| **ਕਮੇਟੀ ਲਈ ਬਿਆਨ**<br>ਜੇਕਰ ਪਬਲਿਕ ਪੈਟੀਸ਼ਨਜ਼ ਕਮੇਟੀ ਸਮਝੇ ਕਿ ਤੁਹਾਡੀ ਦਰਖ਼ਾਸਤ (ਪੈਟੀਸ਼ਨ) ਦੀ ਸੰਗਤੀ ਵਧਾਉਣੀ ਜ਼ਰੂਰੀ ਹੈ, ਤਾਂ ਉਹ ਇਕ ਦਰਖ਼ਾਸਤ ਦੇਣ ਵਾਲੇ ਨੂੰ ਗੱਲਬਾਤ ਕਰਨ ਲਈ ਅਤੇ ਸੁਆਲਾਂ ਦੇ ਜੁਆਬ ਦੇਣ ਲਈ ਆਉਣ ਲਈ ਕਹਿ ਸਕਦੀ ਹੈ। ਜੇਕਰ ਉਹ ਬੁਲਾਉਂਦੀ ਹੈ, ਤਾਂ ਕੀ ਤੁਸੀਂ ਆਉਣਾ ਚਾਹੋਗੇ? ਤੁਹਾਡੀ ਮਦਦ ਲਈ ਇਕ ਦੁਭਾਸ਼ੀਏ (ਇਨਟ੍ਰਪਰੇਟਰ) ਦਾ ਪ੍ਰਬੰਧ ਕੀਤਾ ਜਾਵੇਗਾ। | |
| **ਹਾਂ / ਨਾਂ** (ਢੁਕਵਾਂ ਕੱਟ ਦਿਓ)। | |
| **ਪ੍ਰਧਾਨ ਦਰਖ਼ਾਸਤੀ ਦੇ ਹਸਤਾਖ਼ਰ**<br>ਜਦੋਂ ਤੁਸੀਂ ਸੰਤੁਸ਼ਟ ਹੋ ਕਿ ਕਿਵੇਂ ਪਬਲਿਕ ਦਰਖ਼ਾਸਤ (ਪੈਟੀਸ਼ਨ) ਕੀਤੀ ਜਾਵੇ ਵਿਚ ਉਲੇਖਤ ਸਾਰੇ ਮਾਪਦੰਡਾਂ ਤੇ ਤੁਹਾਡੀ ਦਰਖ਼ਾਸਤ ਢੁੱਕਦੀ ਹੈ ਤਾਂ ਪ੍ਰਧਾਨ ਦਰਖ਼ਾਸਤ ਦੇਣ ਵਾਲੇ ਨੂੰ ਹੇਠਾਂ ਹਸਤਾਖ਼ਰ ਕਰਨੇ ਚਾਹੀਦੇ ਹਨ ਅਤੇ ਤਾਰੀਖ਼ ਲਿਖਣੀ ਚਾਹੀਦੀ ਹੈ। | |
| **ਹਸਤਾਖ਼ਰ** ..................................................<br>**ਤਾਰੀਖ਼** ........................... | |

**ਫਾਰਮ ਭਰਕੇ ਹੇਠ ਦਿਤੇ ਪਤੇ ਤੇ ਭੇਜੇ ਜਾਣੇ ਚਾਹੀਦੇ ਹਨ**

The Clerk to the Public Petitions Committee
The Scottish Parliament
Edinburgh, EH99 1SP
petitions@scottish.parliament.uk

ਤੁਸੀਂ ਕਲਰਕਾਂ ਨੂੰ ਹੇਠ ਦਿਤੇ ਨੰਬਰ ਤੇ ਵੀ ਫੋਨ ਕਰ ਸਕਦੇ ਹੋ। ਪਰ ਕਲਰਕ ਸਿਰਫ ਅੰਗਰੇਜ਼ੀ ਵਿਚ ਹੀ ਗੱਲ ਕਰ ਸਕਦੇ ਹਨ। ਜੇਕਰ ਤੁਸੀਂ ਇਕ ਕਲਰਕ ਨਾਲ ਕਿਸੀ ਹੋਰ ਬੋਲੀ ਵਿਚ ਗੱਲ ਕਰਨਾ ਚਾਹੁੰਦੇ ਹੋ, ਤਾਂ ਮੇਹਰਬਾਨੀ ਕਰਕੇ ਉਨ੍ਹਾਂ ਨੂੰ ਲਿਖਕੇ ਇਕ ਇੰਟਰਪ੍ਰੇਟਰ (ਦੁਭਾਸ਼ੀਏ) ਲਈ ਬੇਨਤੀ ਕਰੋ।

ਟੈਲੀਫੋਨ : 0131 348 5982

ਫੈਕਸ : 0131 348 5088

www.scottish.parliament.uk/s3/committees/petitions/index.htm
http://scottishparliamentpetitions.blogspot.com/

**ਪੋਸਟਲ ਸਰਵਿਸ ਐਕਟ** 2000 **ਦਾ ਸੈਕਸ਼ਨ** 100 ਦੱਸਦਾ ਹੈ ਕਿ ਜੇਕਰ ਦਰਖ਼ਾਸਤਾਂ ਇਕ ਪੋਸਟ ਔਫਿਸ ਵਿਚ ਜਮ੍ਹਾਂ ਕੀਤੀਆਂ ਜਾਂਦੀਆਂ ਹਨ ਤਾਂ ਉਹ ਪਾਰਲੀਆਮੈਂਟ ਨੂੰ ਮੁਫ਼ਤ ਭੇਜੀਆਂ ਜਾ ਸਕਦੀਆਂ ਹਨ। ਇਸ ਸੇਵਾ ਦੀ ਵਰਤੋਂ ਲਈ, ਲਿਫ਼ਾਫ਼ੇ ਉਤੇ ਸਾਫ਼ ਸਾਫ਼ ਲਿਖੋ "Petition to the Scottish Parliament" ਅਤੇ ਉਪਰ ਦਿਤਾ ਪਤਾ ਵਰਤੋ।

# ਮਾਰਗਦਰਸ਼ਨ (ਗਾਈਡੈਂਸ) ਨੋਟਸ

## 1. ਦਰਖ਼ਾਸਤ (ਪੈਟੀਸ਼ਨ) ਦੇਣ ਵਾਲੇ ਦਾ ਨਾਂਉ:

ਜੇਕਰ ਤੁਸੀਂ ਇਕੱਲੇ ਦਰਖ਼ਾਸਤ (ਪੈਟੀਸ਼ਨ) ਕਰ ਰਹੇ ਹੋ ਤਾਂ ਮੇਹਰਬਾਨੀ ਕਰਕੇ ਆਪਣਾ ਨਾਂਉਂ ਭਰੋ। ਜੇਕਰ ਦਰਖ਼ਾਸਤ (ਪੈਟੀਸ਼ਨ) ਇਕ ਗਰੁੱਪ ਜਿਵੇਂ ਕਿ ਇਕ ਕਮਯੁਨਿਟੀ ਕੌਂਸਲ ਵਲੋਂ ਦਿਤੀ ਜਾ ਰਹੀ ਹੈ, ਤਾਂ ਮੇਹਰਬਾਨੀ ਕਰਕੇ ਉਸ ਵਿਅਕਤੀ ਦਾ ਨਾਂਉਂ ਲਿਖੋ ਜਿਹੜਾ ਉਸ ਗਰੁੱਪ ਦਾ ਪ੍ਰਤੀਨਿਧ ਕਰੇਗਾ ਅਤੇ ਗਰੁੱਪ ਦਾ ਨਾਂਉਂ ਵੀ ਲਿਖੋ ਜਿਵੇਂ ਕਿ *ਮੇਰ੍ਰੀ ਬਰਾਉਣ, ਕਿਸੀ ਕਮਯੁਨਿਟੀ ਕੌਂਸਲ ਵਲੋਂ।*

## 2. ਦਰਖ਼ਾਸਤ (ਪੈਟੀਸ਼ਨ) ਦਾ ਸ਼ੀਰਸ਼ਕ

ਇਹ ਜਿੰਨੇ ਘੱਟ ਸ਼ਬਦਾਂ ਵਿਚ ਹੋ ਸਕੇ ਲਿਖੋ ਜਿਵੇਂ ਕਿ *ਸਕੂਲ ਦੀ ਬਸ ਦੀ ਸੁਰਖਿਆ ਵਿਚ ਸੁਧਾਰ (ਇਮਪਰੁਵਿੰਗ ਸਕੂਲ ਬਸ ਸੇਫਟੀ)*

## 3. ਦਰਖ਼ਾਸਤ ਦਾ ਵਿਸ਼ਾ

ਅਸਲ ਵਿਚ ਇਹ ਦਰਖ਼ਾਸਤ ਦਾ ਖੁਲਾਸਾ ਹੈ। ਇਸ ਵਿਚ ਤੁਹਾਨੂੰ ਸਪਸ਼ਟ ਦੱਸਣਾ ਚਾਹੀਦਾ ਹੈ ਕਿ ਤੁਸੀਂ ਪਾਰਲੀਆਮੈਂਟ ਕੋਲੋਂ ਕੀ ਕਾਰਵਾਈ ਚਾਹੁੰਦੇ ਹੋ ਜਿਵੇਂ ਕਿ
"ਸਕਾਟਿਸ਼ ਪਾਰਲੀਆਮੈਂਟ ਨੂੰ ਕਹਿਣਾ ਕਿ ਉਹ ਅਸਮਾਜਕ ਵਰਤਾਰੇ (ਐਂਟੀ ਸੋਸ਼ਲ ਬਿਹੇਵਿਅਰ) ਲਈ ਨੱਜਿਠਣ ਵਾਸਤੇ ਸਕਾਟਿਸ਼ ਗਵਰਨਮੈਂਟ ਨੂੰ ਨਵਾਂ ਵਿਧਾਨ ਬਣਾਉਣ ਦੀ ਲੋੜ ਲਈ ਵਿਚਾਰ ਕਰਨ ਦੀ ਗੁਜਾਰਿਸ਼ ਕਰੇ।"

ਵਾਸਤਵਿਕ ਤੌਰ ਤੇ ਇਹ **ਲਿਖਤੀ ਪੰਜ ਲਾਈਨਾਂ ਤੋਂ ਵੱਧ ਨਹੀਂ ਹੋਣਾ** ਚਾਹੀਦਾ।

## 4. ਦਰਖ਼ਾਸਤ (ਪੈਟੀਸ਼ਨ) ਦਾਇਰ ਕਰਨ ਤੋਂ ਪਹਿਲਾਂ ਸਰੋਕਾਰ ਦੇ ਮੁੱਦਿਆਂ ਨੂੰ ਨੱਜਿਠਣ ਲਈ ਕੀਤੀ ਗਈ ਕਾਰਵਾਈ

ਆਪਣੀ ਦਰਖ਼ਾਸਤ ਦਾਇਰ ਕਰਨ ਤੋਂ ਪਹਿਲਾਂ ਤੁਹਾਨੂੰ ਸਰੋਕਾਰ ਮੁੱਦੇ ਨੱਜਿਠਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿਵੇਂ ਕਿ:

- ਸਥਾਨਕ (ਲੋਕਲ) ਕੌਂਸਲ ਜਾਂ ਕਿਸੀ ਹੋਰ ਪਬਲਿਕ ਸੰਸਥਾ ਨੂੰ ਇਸ ਮੁੱਦੇ ਲਈ ਤੁਸੀਂ ਕੀ–ਕੀ ਕਾਰਵਾਈਆਂ ਕੀਤੀਆਂ ਹਨ ਅਤੇ ਉਸਦੀ ਕੀ ਪ੍ਰਤੀਕਿਰਿਆਂਵਾ ਮਿਲੀਆਂ ਹਨ?
- ਕੀ ਤੁਸੀਂ ਇਕ ਕੌਂਸਲਰ, ਐਮ.ਐਸ.ਪੀ ਆਦ ਚੌਣਵੇਂ (ਇਲੈਕਟਿਡ) ਪ੍ਰਤੀਨਿਧ ਨੂੰ ਇਸ ਮੁੱਦੇ ਤੇ ਵੇਖਣ ਲਈ ਕਿਹਾ ਹੈ ਅਤੇ, ਫੇਰ, ਕੀ ਹੋਈਆ?
- ਕੀ ਹਾਲ ਵਿਚ ਕੋਈ ਐਲਾਨ ਕੀਤਾ ਗਿਆ ਹੈ, ਜਿਵੇਂ ਕਿ ਸਕਾਟਿਸ਼ ਗਵਰਨਮੈਂਟ ਵਲੋਂ ਹੋਇਆ ਕੋਈ ਐਲਾਨ ਜਿਸਦਾ ਸ਼ਾਇਦ ਤੁਹਾਡੀ ਦਰਖ਼ਾਸਤ ਨਾਲ ਸਬੰਧ ਹੋਵੇ?

ਇਹ ਜਾਣਕਾਰੀ ਪਬਲਿਕ ਪੈਟੀਸ਼ਨਜ਼ ਕਮੇਟੀ ਲਈ ਮਦਦਗਾਰ ਹੈ ਕਿਉਂਕਿ ਇਸ ਨਾਲ ਉਹ ਵੇਖ ਸਕਦੀ ਹੈ ਕਿ ਮੁੱਦੇ ਤੇ ਆਵਾਜ਼ ਉਠਾਈ ਗਈ ਹੈ ਅਤੇ ਇਸਦੇ ਕੀ ਜੁਆਬ ਮਿਲੇ ਹਨ ਅਤੇ ਸੰਗਤੀ ਵਧਾਉਣ ਵਿਚ ਵੀ ਮਦਦ ਮਿਲੇਗੀ ਕਿ ਤੁਹਾਡੀ ਦਰਖ਼ਾਸਤ ਕਿਸ ਬਾਰੇ ਹੈ ਅਤੇ ਜਿਹੜੇ ਮੁੱਦੇ ਉਠਾਏ ਗਏ ਹਨ ਉਨ੍ਹਾਂ ਤੇ ਕਾਰਵਾਈ ਕਰਣ ਲਈ ਕਿਉ ਨਹੀਂ ਕਿਹਾ ਗਿਆ?

## 5. ਦਰਖ਼ਾਸਤ (ਪੈਟੀਸ਼ਨ) ਦੀ ਪਿਛੋਕੜ ਜਾਣਕਾਰੀ

ਇਸ ਟੈਮਪਲੇਟ ਦਾ ਇਹ ਇਕ ਮਹਤੱਵਪੂਰਨ ਹਿੱਸਾ ਹੈ। ਇਸ ਥਾਂ ਤੇ ਤੁਹਾਨੂੰ ਢੁਕਵੀਂ, ਵਾਸਤਵਿਕ ਪਿਛੋਕੜ ਜਾਣਕਾਰੀ ਭਰਣੀ ਚਾਹੀਦੀ ਹੈ ਅਤੇ ਕਾਰਣ ਸਥਾਪਤ ਕਰਨੇ ਚਾਹੀਦੇ ਹਨ ਕਿ ਤੁਹਾਡੇ ਵਿਚਾਰ ਵਿਚ ਦਰਖ਼ਾਸਤ ਦੀ ਬੇਨਤੀ ਦੀ ਕਾਰਵਾਈ ਕਿਉਂ ਜਰੂਰੀ ਹੈ। ਤੁਹਾਡੀ ਦਰਖ਼ਾਸਤ ਦਾ ਅਨੁਵਾਦ ਕੀਤਾ ਜਾਵੇਗਾ ਅਤੇ ਇਸਦੀ ਇਕ ਪ੍ਰਤੀ ਕਮੇਟੀ ਦੇ ਹਰ ਸਦੱਸ ਲਈ ਉਪਲਬਧ ਕੀਤੀ ਜਾਵੇਗੀ ਅਤੇ ਜਿਸ ਮੀਟਿੰਗ ਵਿਚ ਵਿਵਾਰ ਵਿਮਰਸ਼ ਕੀਤਾ ਜਾਣਾ ਹੈ ਉਨ੍ਹਾਂ ਨੂੰ ਉਸ ਤੋਂ ਪਹਿਲਾਂ ਇਕ ਪ੍ਰਤੀ ਪ੍ਰਦਾਨ ਕੀਤੀ ਜਾਵੇਗੀ। ਉਦਾਹਰਣ ਦੇ ਤੌਰ ਤੇ, ਹੋ ਸਕਦਾ ਹੈ ਕਿ ਤੁਸੀਂ ਸੋਚਣਾ ਚਾਹੋ ਤੁਹਾਡੀ ਦਰਖ਼ਾਸਤ ਕਿਨ੍ਹਾਂ ਕਾਰਣਾਂ ਕਰਕੇ ਪੈਦਾ ਹੋਈ ਹੈ? ਇਸ ਦੀ ਜ਼ਰੂਰਤ ਕਿਉਂ ਹੈ? ਤੁਸੀਂ ਕੀ ਕਾਰਵਾਈਆਂ ਕਰਨਾ ਚਾਹੁੰਦੇ ਹੋ ਅਤੇ ਕਿਉਂ ਕਰਨਾ ਚਾਹੁੰਦੇ ਹੋ? ਤੁਸੀਂ ਚਾਹੁੰਦੇ ਹੋ ਕਿ ਕਮੇਟੀ ਕਿਸ ਕੋਲੋਂ ਸੁਆਲ ਪੁਛੇ ਅਤੇ ਕਿਸਦੇ ਬਾਰੇ ਪੁੱਛਣਾ ਚਾਹੁੰਦੇ ਹੋ? (ਮੇਹਰਬਾਨੀ ਕਰਕੇ ਧਿਆਨ ਰਖੋ ਤੁਸੀਂ ਜੋ ਜਾਣਕਾਰੀ ਪ੍ਰਦਾਨ ਕਰਦੇ ਹੋ ਉਹ ਉਸਦੇ ਲਈ ਸਿਰਫ ਇਕ ਮਾਰਗਦਰਸ਼ਨ ਹੈ)। ਪਰ ਫੇਰ ਵੀ, ਜੋ ਜਾਣਕਾਰੀ ਤੁਸੀਂ ਪ੍ਰਦਾਨ ਕਰਦੇ ਹੋ **ਉਹ ਤਿੰਨ ਪੰਨਿਆਂ ਤੋਂ ਵੱਧ ਨਹੀਂ ਹੋਣੀ ਚਾਹੀਦੀ।**

ਤੁਹਾਡੀ ਦਰਖ਼ਾਸਤ ਦੇ ਸਮਰਥਨ ਅਤੇ ਦੇ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਤੁਹਾਡੇ ਲਈ ਕਈ ਚੋਣਾਂ ਉਪਲਬਧ ਹਨ। ਜਿਵੇਂ ਕਿ –

**ਈ–ਪੈਟੀਸ਼ਨ:** ਜੇਕਰ ਤੁਸੀਂ ਈ–ਪੈਟੀਸ਼ਨਰ ਸਿਸਟਮ ਵਰਤਣਾ ਚਾਹੁੰਦੇ ਹੋ, ਤੁਹਾਡੀ ਅਤਿਰਿਕਤ ਜਾਣਕਾਰੀ ਈ–ਪੈਟੀਸ਼ਨ ਵੈਬਸਾਈਟ ਤੇ ਰੱਖੀ ਜਾਵੇਗੀ (ਹੋਰ ਵੇਰਵੇ ਲਈ ਹੇਠਾਂ ਵੇਖੋ)।
**(http://epetitions.scottish.parliament.uk/)**

**ਵੈਬਸਾਈਟ:** ਜੇਕਰ ਤੁਹਾਡੀ ਇਕ ਵੈਬਸਾਈਟ ਹੈ ਤਾਂ ਫੇਰ ਕਿਉਂ ਨਾ ਆਪਣੀ ਦਰਖ਼ਾਸਤ (ਪੈਟੀਸ਼ਨ) ਦਾ ਇਸ ਵੈਬਸਾਈਟ ਨਾਲ ਇਕ ਲਿੰਕ ਪ੍ਰਦਾਨ ਕਰੋ? ਇਸ ਨਾਲ ਲੋਕ ਨੂੰ ਤੁਹਾਡੀ ਦਰਖ਼ਾਸਤ (ਪੈਟੀਸ਼ਨ) ਦੇ ਨਾਲ ਤੁਹਾਡੀ ਵੈਬਸਾਈਟ ਆਉਣ ਦੀ ਇਜਾਜ਼ਤ ਮਿਲ ਜਾਵੇਗੀ।

**ਵੀਡਿਓ:** ਹੋ ਸਕਦਾ ਹੈ ਤੁਸੀਂ ਆਪਣੀ ਦਰਖ਼ਾਸਤ (ਪੈਟੀਸ਼ਨ) ਦੇ ਨਾਲ ਇਕ ਵੀਡਿਓ ਬਣਾਈ ਹੋਵੇ ਜੋ ਸ਼ਾਇਦ ਤੁਸੀਂ ਇਨਟਰਨੈਟ ਦੇ ਰਖੀ ਹੋਈ ਹੈ ਜਿਵੇਂ ਕਿ ਯੂ ਟਿਯੂਬ "You Tube" ਤੇ। ਪਬਲਿਕ ਪੈਟੀਸ਼ਨਜ਼ ਕਮੇਟੀ ਦੀ ਆਪਣੀ ਵੈਬਸਾਈਟ ਹੈ ਜਿਥੇ ਤੁਸੀਂ ਆਪਣੀ ਵੀਡਿਓ ਲਈ ਲਿੰਕ ਪ੍ਰਦਾਨ ਕਰ ਸਕਦੇ ਹੋ। ਜੇਕਰ ਤੁਸੀਂ ਇਕ ਵੀਡਿਓ ਇਨਟਰਨੈਟ ਤੇ ਰਖੀ ਹੋਈ ਹੈ, ਹੋ ਸਕਦਾ ਹੈ ਕਿ ਤੁਸੀਂ ਕਮੇਟੀ ਦੀ ਕਲਰਕ ਟੀਮ ਲਈ ਇਹ ਲਿੰਕ ਭੇਜਣਾ ਚਾਹੋ। ਉਹ ਇਸ ਲਿੰਕ ਨੂੰ ਕਮੇਟੀ ਦੇ ਵੈਬਪੇਜ਼ ਤੇ ਜੋੜ ਦੇਣਗੇ।

**ਫੋਟੋਗਰਾਫ਼ਜ਼:** ਇਸੇ ਤਰ੍ਹਾਂ, ਹੋ ਸਕਦਾ ਹੈ ਕਿ ਤੁਸੀਂ ਕੁਝ ਫੋਟੋਆਂ ਪਿਕਾਸਾ Picasa, ਫਲਿਕਰ (Flickr) ਜਾਂ ਆਪਣੇ ਸੋਸ਼ਲ ਨੈਟਵਰਕਿੰਗ ਤੇ ਰਖੀਆਂ ਹੋਈਆਂ ਹੋਣ। ਤਾਂ, ਤੁਸੀਂ ਕਲਰਕ ਟੀਮ ਨੂੰ ਦਸੋ।

**ਸੋਸ਼ਲ ਨੈਟਵਰਕਿੰਗ ਸਾਈਟਸ:** ਕੀ ਤੁਹਾਡਾ ਇਕ ਬੀਬੋ (Bebo) ਪੇਜ਼ ਹੈ? ਜਾਂ ਮਾਈਸਪੇਸ (MySpace)? ਫੇਰ, ਕਿਉਂ ਨਾ ਇਸਨੂੰ ਆਪਣੀ ਦਰਖ਼ਾਸਤ (ਪੈਟੀਸ਼ਨ) ਰਾਹੀਂ ਫਲੈਗ ਕਰੋ? ਤੁਸੀਂ ਆਪਣੀ ਦਰਖ਼ਾਸਤ (ਪੈਟੀਸ਼ਨ) ਨਾਲ ਲੋਕਾਂ ਨੂੰ ਚੇਤਾਵਨੀ ਦੇ ਸਕਦੇ ਹੋ ਅਤੇ ਇਸ ਵਲ ਜਾਣ ਲਈ ਨਿਰਦੇਸ਼ ਦੇ ਸਕਦੇ ਹੋ।

**ਰਿਪੋਰਟਾਂ, ਦੂਜਾ ਸਾਹਿਤ:** ਕੀ ਕੋਈ ਰਿਪੋਰਟਾਂ ਜਾਂ ਸਾਹਿਤ ਹੈ ਜੋ ਤੁਹਾਨੂੰ ਲਗਦਾ ਹੈ ਦਿਲਚਸਪ ਹੋਵੇਗਾ? ਕਿਉਂ ਨਾ ਇਨ੍ਹਾਂ ਲਈ ਇਕ ਵੈਬਲਿੰਕ ਪ੍ਰਦਾਨ ਕੀਤਾ ਜਾਵੇ (ਜੇ ਤੁਸੀਂ ਕਰ ਸਕਦੇ ਹੋ), ਤਾਂ ਲੋਕ ਤੁਹਾਡੀ ਦਰਖ਼ਾਸਤ (ਪੈਟੀਸ਼ਨ) ਰਾਹੀਂ ਰਿਪੋਰਟ ਵਲ ਜਾ ਸਕਣ?

ਕਮੇਟੀ ਅਲੱਗ ਅਲੱਗ ਰੂਪ–ਰੇਖਾਂਵਾਂ ਵਿਚ ਤੁਹਾਨੂੰ ਆਪਣੀ ਦਰਖ਼ਾਸਤ (ਪੈਟੀਸ਼ਨ) ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਚੋਣਾਂ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੀ ਹੈ। ਜਦੋਂ ਮੂਲ ਜਾਣਕਾਰੀ ਪੈਟੀਸ਼ਨ ਟੈਮਪਲੇਟ ਵਿਚ ਜਾਂਦੀ ਹੈ, ਅਤੇ ਜੋ ਤੁਹਾਡੀ ਦਰਖ਼ਾਸਤ ਤੇ ਵਿਚਾਰ ਵਿਮਰਸ਼ ਹੋਣ ਵੇਲੇ ਉਸ ਵੇਲੇ ਮੀਟਿੰਗ ਵਿਚ ਕਮੇਟੀ ਦੇ ਸਦੱਸਾਂ ਕੋਲ ਹੋਵੇਗੀ, ਕਮੇਟੀ ਉਮੀਦ ਕਰਦੀ ਹੈ ਕਿ ਇਹ ਅਤਿਰਿਕਤ ਚੋਣਾਂ ਮਦਦਗਾਰ ਅਤੇ ਸੁਵਿਧਾਜਨਕ ਹੋਣਗੀਆਂ। ਜੇਕਰ ਤੁਸੀਂ ਇਸ ਬਾਰੇ ਕੋਈ ਸੁਆਲ ਪੁਛੱਣਾ ਚਾਹੁੰਦੇ ਹੋ, ਤਾਂ ਮੇਹਰਬਾਨੀ ਕਰਕੇ ਇਸ ਬਾਰੇ ਗੱਲਬਾਤ ਕਰਨ ਲਈ ਕਮੇਟੀ ਕਲਰਕ ਟੀਮ ਨਾਲ ਸੰਪਰਕ ਕਰੋ।

## 6. ਕੀ ਤੁਸੀਂ ਆਪਣੀ ਦਰਖ਼ਾਸਤ (ਪੈਟੀਸ਼ਨ) ਪਾਰਲੀਆਮੈਂਟ ਦੀ ਵੈਬ ਸਾਈਟ ਤੇ ਇਕ ਈ–ਪੈਟੀਸ਼ਨ ਦੇ ਤੋਰ ਤੇ ਰੱਖੀ ਜਾਣਾ ਚਾਹੁੰਦੇ ਹੋ?

ਤੁਹਾਡੀ ਦਰਖ਼ਾਸਤ (ਪੈਟੀਸ਼ਨ) ਕਮੇਟੀ ਦੇ ਸਾਮਣ੍ਹੇ ਜਾਵੇ, ਹੋ ਸਕਦਾ ਹੈ ਇਸ ਤੋਂ ਪਹਿਲਾਂ ਤੁਸੀਂ ਪਾਰਲੀਆਮੈਂਟ ਦੇ ਈ–ਪੈਟੀਸ਼ਨ ਸਿਸਟਮ ਨੂੰ ਇਸਦਾ ਪ੍ਰਚਾਰ ਕਰਨ ਲਈ ਵਰਤਣਾ ਚਾਹੋ। ਇਹ ਤੁਹਾਡੀ ਦਰਖ਼ਾਸਤ (ਪੈਟੀਸ਼ਨ) ਨੂੰ ਸਾਡੀ http://epetitions.scottish.parliament.uk/ ਵੈਬਸਾਈਟ ਤੇ ਸਹਿਮਤ ਅਵਧੀ ਤਕ ਰੱਖਣ, ਜ਼ਿਆਦਾ ਲੋਕਾਂ ਨੂੰ ਆਕਰਸ਼ਤ ਕਰਨ ਦਾ ਅਵਸਰ ਅਤੇ ਸਮਰਥਨ ਵਾਸਤੇ ਹੋਰ ਨਾਂਓ ਇੱਕਠੇ ਕਰਨ ਦੀ ਇਜਾਜ਼ਤ ਦਿੰਦਾ ਹੈ। ਹਰ ਈ–ਪੈਟੀਸ਼ਨ ਦਾ ਵਿਚਾਰ ਵਿਮਰਸ਼ ਦਾ ਆਪਣਾ ਫੋਰਮ ਹੁੰਦਾ ਹੈ, ਜਿਥੇ ਵੇਖਣ ਵਾਲੇ ਅਤੇ ਸਮਰਥਨ ਪ੍ਰਦਾਣ ਕਰਨ ਵਾਲੇ ਤੁਹਾਡੀ ਦਰਖ਼ਾਸਤ (ਪੈਟੀਸ਼ਨ) ਤੇ ਵਿਚਾਰ ਵਿਮਰਸ਼ ਅਤੇ ਵਿਚਾਰ–ਵਿਟਾਂਦਰਾ ਕਰ ਸਕਦੇ ਹਨ। ਜਦੋਂ ਈ–ਪੈਟੀਸ਼ਨ ਤੇ ਰਹਿਣ ਦੀ ਅਵਧੀ ਖ਼ਤਮ ਹੋ ਜਾਂਦੀ ਹੈ, ਕਲਰਕ ਇਸ ਨੂੰ ਕਮੇਟੀ ਕੋਲ ਸਧਾਰਨ ਤਰੀਕੇ ਨਾਲ ਤਰਕ–ਵਿਤਰਕ ਲਈ ਭੇਜਣ ਦਾ ਪ੍ਰਬੰਧ ਕਰਦੇ ਹਨ।

ਜੇਕਰ ਤੁਸੀਂ ਇਸ ਸਿਸਟਮ ਦੀ ਵਰਤੋਂ ਕਰਨਾ ਚਾਹੁੰਦੇ ਹੋ ਤਾਂ ਮੇਹਰਬਾਨੀ ਕਰਕੇ ਗੁਜਾਰਿਸ਼ ਕੀਤੀ ਗਈ ਅਤਿਰਿਕਤ ਜਾਣਕਾਰੀ ਪ੍ਰਦਾਨ ਕਰੋ। ਕਲਰਕ ਤੁਹਾਡੀ ਦਰਖ਼ਾਸਤ (ਪੈਟੀਸ਼ਨ) ਨੂੰ ਵੈਬਸਾਈਟ ਤੇ ਰਖੱਣਗੇ ਇਸ ਲਈ ਤੁਹਾਨੂੰ ਕੋਈ ਕੰਮ ਨਹੀਂ ਕਰਨਾ ਹੈ।

## 7 & 8. ਈ ਪੈਟੀਸ਼ਨ (ਈ–ਦਰਖ਼ਾਸਤ)

ਜੇਕਰ ਤੁਸੀਂ ਈ–ਪੈਟੀਸ਼ਨ ਦੀ ਸੁਵੀਧਾ ਵਰਤਣਾ ਚਾਹੁੰਦੇ ਹੋ, ਤਾਂ ਮੇਹਰਬਾਨੀ ਕਰਕੇ ਆਪਣੀ ਦਰਖ਼ਾਸਤ ਲਈ ਹਸਤਾਖ਼ਰ ਇਕੱਠੇ ਕਰਨ ਵਾਸਤੇ ਆਖ਼ਰੀ ਤਾਰੀਖ਼ ਲਿਖੋ (ਆਮਤੋਰ ਤੇ ਅਸੀਂ ਤਕਰੀਬਨ ਛੇ ਹਫਤਿਆਂ ਲਈ

ਕਹਿੰਦੇ ਹਾਂ)। ਮੇਹਰਬਾਨੀ ਕਰਕੇ ਦਰਖ਼ਾਸਤ ਤੇ ਔਨਲਾਈਨ ਵਿਚਾਰ–ਵਟਾਂਦਰਾ ਕਰਨ ਵਾਸਤੇ ਦ੍ਰਿਸ਼ ਬਣਾਉਣ ਲਈ ਇਕ ਟਿੱਪਣੀ ਪ੍ਰਦਾਨ ਕਰੋ, ਜੋ ਦਸ ਲਾਈਨਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ।

## 9. ਪ੍ਰਬੰਧਕੀ ਜਾਣਕਾਰੀ (ਪ੍ਰਕਾਸ਼ਤ ਹੋਣ ਲਈ ਨਹੀਂ)

ਮੇਹਰਬਾਨੀ ਕਰਕੇ ਜਿਥੋਂ ਤਕ ਸੰਭਵ ਹੋ ਸਕੇ ਬੇਨਤੀ ਕੀਤੀ ਗਈ ਜਾਣਕਾਰੀ ਪ੍ਰਦਾਨ ਕਰੋ। ਖਾਸ ਕਰਕੇ, ਜੇਕਰ ਤੁਹਾਡੇ ਕੋਲ ਹੈ ਤਾਂ ਮੇਹਰਬਾਨੀ ਕਰਕੇ ਇਕ ਈ–ਮੇਲ ਪਤਾ ਦਵੋ ਜੋ ਕਮੇਟੀ ਦੇ ਕਲਰਕਾਂ ਨੂੰ ਤੁਹਾਡੇ ਨਾਲ ਸੰਪਰਕ ਕਰਨ ਦੀ ਸੁਵੀਧਾ ਦੇਵੇਗਾ। ਤੁਸੀਂ ਸੰਪਰਕ ਲਈ ਇਕ ਟੈਲੀਫੋਨ ਨੰਬਰ ਵੀ ਪ੍ਰਦਾਨ ਕਰ ਸਕਦੇ ਹੋ, ਪਰ ਸਭ ਫੋਨ ਕਾਲਾਂ ਅੰਗਰੇਜ਼ੀ ਵਿਚ ਹੀ ਕੀਤੀਆਂ ਜਾਣਗੀਆਂ। ਜੇਕਰ ਤੁਸੀਂ ਦੂਜੀ ਬੋਲੀ ਵਾਲੇ ਕਲਰਕ ਨਾਲ ਗੱਲ ਕਰਨਾ ਚਾਹੁੰਦੇ ਹੋ, ਤਾਂ ਮੇਹਰਬਾਨੀ ਕਰਕੇ ਲਿਖਤੀ ਤੌਰ ਤੇ ਵਿਚ ਇਕ ਇਨਟਰਪ੍ਰੇਟਰ ਲਈ ਬੇਨਤੀ ਕਰੋ।

## ਇਹ ਵੇਰਵਾ ਛਾਪਿਆ ਨਹੀਂ ਜਾਂਦਾ ਅਤੇ ਕਿਸੀ ਹੋਰ ਪਾਰਟੀ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ।

ਦਰਖ਼ਾਸਤ (ਪੈਟੀਸ਼ਨ) ਦੀ ਇਲੈਟਰੋਨਿਕ ਕਾਪੀ ਦੀ ਕਦਰ ਕੀਤੀ ਜਾਵੇਗੀ ਕਿਉਂਕਿ ਇਸ ਨਾਲ ਕਾਰਵਾਈ ਆਸਾਨੀ ਅਤੇ ਤੇਜ਼ੀ ਨਾਲ ਹੋ ਸਕਦੀ ਹੈ। ਅਸੀਂ ਈ–ਮੇਲ ਰਾਹੀਂ ਵੀ ਗੱਲਬਾਤ ਕਰਨ ਦੀ ਕਦਰ ਕਰਦੇ ਹਾਂ ਕਿਉਂਕਿ ਇਹ ਜਲਦੀ ਅਤੇ ਸੁਵੀਧਾਜਨਕ ਹੈ। ਫੇਰ ਵੀ, ਤੁਸੀਂ ਚਿੰਤਾ ਨਾਂ ਕਰੋ, ਇਹ ਜ਼ਰੂਰੀ ਨਹੀਂ ਹੈ ਅਤੇ ਜੇਕਰ ਤੁਹਾਡੀ ਕੰਮਪਯੁਟਰ ਦੀ ਪਹੁੰਚ ਨਹੀਂ ਹੈ ਤਾਂ ਕੋਈ ਗੱਲ ਨਹੀਂ।

ਸ਼ੁਰੂ ਵਿਚ, ਸਾਰੀ ਸੂਚਨਾ petitions@scottish.parliament.uk. ਜਾਣੀ ਚਾਹੀਦੀ ਹੈ।

## ਹੋਰ ਜਾਣਕਾਰੀ

ਅਸੀਂ ਉਮੀਦ ਕਰਦੇ ਹਾਂ ਕਿ ਪੈਟੀਸ਼ਨ ਟੈਮਪਲੇਟ ਭਰਣ ਵਿਚ ਇਹ ਨੋਟ ਤੁਹਾਡੇ ਲਈ ਮਦਦਗਾਰ ਹੋਣਗੇ। ਜਾਣਕਾਰੀ ਦੇ ਹੋਰ ਵੀ ਸਰੋਤ ਹਨ –

ਪਬਲਿਕ ਪੈਟੀਸ਼ਨਜ਼ ਕਮੇਟੀ ਲਈ ਮੁਖ ਵੈਬਸਾਈਟ –
www.scottish.parliament.uk/s3/committees/petitions/index.htm

The Public Petitions Committee
The Scottish Parliament
TG.01
Edinburgh, EH99 1SP
Tel: 0131 348 5982

ਦੀ ਪਬਲਿਕ ਪੈਟੀਸ਼ਨਜ਼ ਕਮੇਟੀ
ਦੀ ਸਕਾਟਿਸ਼ ਪਾਰਲੀਆਮੈਂਟ
ਟੀ ਜੀ 01
ਐਡਿਨਬਰ੍ਹਾ, ਈ ਐਚ 99 1 ਐਸ ਪੀ

(ਕਲਰਕ ਸਿਰਫ਼ ਅੰਗਰੇਜ਼ੀ ਵਿਚ ਹੀ ਫੋਨਕਾਲ ਲੈਂਦੇ ਹਨ। ਜੇਕਰ ਤੁਸੀਂ ਦੂਜੀ ਬੋਲੀ ਵਾਲੇ ਕਲਰਕ ਨਾਲ ਗੱਲ ਕਰਨਾ ਚਾਹੁੰਦੇ ਹੋ, ਤਾਂ ਮੇਹਰਬਾਨੀ ਕਰਕੇ ਲਿਖਤੀ ਤੌਰ ਤੇ ਇਕ ਇਨਟਰਪ੍ਰੇਟਰ ਲਈ ਬੇਨਤੀ ਕਰੋ।)

ਫੈਕਸ: 0131 348 5088
petitions@scottish.parliament.uk